# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

(ਕਾਰਜ ਸੰਚਾਲਨ ਸ਼ਾਖਾ)

ਨੰ:ਪਸਸਬ-ਕਸ-2025/ 2246-48

ਮਿਤੀ: 16.01.2025

ਵੱਲ

ਸਮੂਹ ਪ੍ਰਿੰਸੀਪਲ, ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ।

ਵਿਸ਼ਾ:- ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਸਾਲਾਨਾ ਪ੍ਰਯੋਗੀ ਪਰੀਖਿਆ 2025 ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਅਧੀਨ, ਕੰਪਾਰਟਮੈਂਟ/ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ਕਾਰਗੁਜ਼ਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਲਈ ਪਰੀਖਿਆ ਦੇ ਸੰਚਾਲਨ ਸਬੰਧੀ।

---

ਵਿਸ਼ੇ ਅਧੀਨ ਪਰੀਖਿਆਵਾਂ ਦਸਵੀਂ ਸ਼੍ਰੇਣੀ ਮਿਤੀ 07-04-2025 ਤੋਂ 17-04-2025 ਤੱਕ ਅਤੇ ਬਾਰ੍ਹਵੀਂ ਸ਼੍ਰੇਣੀ ਮਿਤੀ 02-04-2025 ਤੋਂ 17-04-2025 ਤੱਕ ਕਰਵਾਈਆਂ ਜਾ ਰਹੀਆਂ ਹਨ। ਪਰੀਖਿਆਵਾਂ ਦਾ ਸੰਚਾਲਨ ਹੇਠ ਲਿਖੇ ਅਨੁਸਾਰ ਕਰਵਾਇਆ ਜਾਵੇ:-

**ਦਸਵੀਂ ਸ਼੍ਰੇਣੀ ਲਈ**

(ੳ) ਦਸਵੀਂ ਸ਼੍ਰੇਣੀ ਦੀ ਪ੍ਰਯੋਗੀ ਪਰੀਖਿਆ ਸੈਲਫ ਪਰੀਖਿਆ ਕੇਂਦਰਾਂ ਵਿੱਚ ਕਰਵਾਈ ਜਾ ਰਹੀ ਹੈ। ਸਕੂਲ ਦੇ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਪਰੀਖਿਆਰਥੀਆਂ ਦੀ ਸੁਵਿਧਾ ਅਨੁਸਾਰ ਗਰੁੱਪ ਬਣਾਕੇ ਪ੍ਰਯੋਗੀ ਪਰੀਖਿਆ ਕਰਵਾਈ ਜਾਵੇਗੀ।

**ਬਾਰ੍ਹਵੀਂ ਸ਼੍ਰੇਣੀ ਲਈ**

(ੳ) ਦਫਤਰ ਵਲੋਂ ਫਿਜਿਕਸ, ਕਮਿਸਟਰੀ, ਬਾਇਓਲੋਜੀ, ਅਕਾਊਂਟੈਂਸੀ-2 , ਫੰਡਾਮੈਂਟਲ ਆਫ ਈ ਬਿਜਨਸ ਅਤੇ ਹੋਮ ਸਾਇੰਸ ਵਿਸ਼ਿਆਂ ਦੇ ਪ੍ਰਸ਼ਨ ਪੱਤਰ ਆਨ ਲਾਈਨ ਵਿਧੀ ਰਾਹੀਂ ਡੇਟਸ਼ੀਟ ਵਿੱਚ ਦਰਜ ਮਿਤੀਆਂ ਅਨੁਸਾਰ ਭੇਜੇ ਜਾਣਗੇ। ਉਸ ਸਕੂਲ ਦੇ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕ ਹੀ ਸਬੰਧਤ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਲੈਣਗੇ। ਕੇਵਲ ਇਨ੍ਹਾਂ ਵਿਸਿਆਂ ਦੀ ਪਰੀਖਿਆ ਕਰਵਾਉਣ ਲਈ ਉੱਤਰ ਪੱਤਰੀਆਂ ਖੇਤਰੀ ਦਫਤਰ ਤੋਂ ਪ੍ਰਾਪਤ ਕਰ ਲਈਆਂ ਜਾਣ। ਬਾਕੀ ਰਹਿੰਦੇ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਸਕੂਲ ਪੱਧਰ ਤੇ ਹੀ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਕਰਵਾਈ ਜਾਵੇਗੀ।

ਨੋਟ:-

1. ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਪ੍ਰਯੋਗੀ ਪਰੀਖਿਆਵਾਂ ਸਬੰਧੀ ਪ੍ਰੋਗਰਾਮ ਚਾਰਟ ਦੀ ਕਾਪੀ ਆਪ ਨੂੰ ਸਕੂਲ ਦੀ ਲਾਗਇੰਨ ਆਈ.ਡੀ. ਤੇ ਭੇਜੀ ਜਾ ਰਹੀ ਹੈ। ਜੇਕਰ ਕਿਸੇ ਵੀ ਕਿਸਮ ਦੀ ਕੋਈ ਤਰੁੱਟੀ ਹੋਵੇ ਤਾਂ ਪ੍ਰੋਗਰਾਮ ਚਾਰਟ ਤੇ ਦਰਸਾਏ ਫੋਨ ਨੰਬਰ ਤੇ ਸੰਪਰਕ ਕੀਤਾ ਜਾਵੇ ਤਾਂ ਜੋ ਇਸ ਸੰਬਧੀ ਲੋੜੀਂਦੇ ਪ੍ਰਬੰਧ ਕੀਤੇ ਜਾ ਸਕਣ।
2. ਪਰੀਖਿਆ ਦੇ ਰਹੇ ਪਰੀਖਿਆਰਥੀਆਂ ਦੀ ਵੰਡ ਇਸ ਤਰ੍ਹਾਂ ਕੀਤੀ ਜਾਵੇ ਕਿ ਕਿਸੇ ਪਰੀਖਿਆਰਥੀ ਦੀ ਪ੍ਰਯੋਗੀ ਪ੍ਰੀਖਿਆ ਦੇ ਵਿਸ਼ਿਆਂ ਦਾ ਆਪਸੀ ਕਲੈਸ਼ ਨਾ ਹੋਵੇ ਅਤੇ ਪਰੀਖਿਆਰਥੀਆਂ ਦੀ ਸੁਵਿਧਾ ਅਨੁਸਾਰ ਗਰੁੱਪ ਬਣਾਕੇ ਪ੍ਰਯੋਗੀ ਪਰੀਖਿਆ ਕਰਵਾਈ ਜਾਵੇ। ਪ੍ਰੀਖਿਅਕ ਵੱਲੋਂ ਪਰੀਖਿਆ ਖਤਮ ਹੋਣ ਤੇ ਉਸੇ ਦਿਨ ਅੰਕ ਸੂਚੀਆਂ ਦਫਤਰੀ ਹਦਾਇਤਾਂ ਅਨੁਸਾਰ ਆਨ-ਲਾਈਨ ਅਪਲੋਡ ਕੀਤੀਆਂ ਜਾਣ।
3. ਦਫਤਰ ਵੱਲੋਂ ਪੁਰਜ਼ੋਰ ਕੋਸ਼ਿਸ਼ ਕੀਤੀ ਗਈ ਹੈ ਕਿ ਪ੍ਰਯੋਗੀ ਪਰੀਖਿਆ ਲਈ ਕੇਂਦਰ ਉਹਨਾਂ ਸਕੂਲਾਂ ਵਿੱਚ ਹੀ ਸਥਾਪਤ ਕੀਤੇ ਜਾਣ, ਜਿਥੇ ਪ੍ਰਯੋਗੀ ਪਰੀਖਿਆ ਲਈ ਯੋਗ ਪ੍ਰਬੰਧ ਹਨ। ਪਰ ਕਿਸੇ ਪਰੀਖਿਆ ਕੇਂਦਰ ਵਿੱਚ ਇਸ ਬਾਰੇ ਕੋਈ ਵੀ ਪ੍ਰਬੰਧ ਨਾ ਹੋਵੇ ਤਾਂ ਅਜਿਹੀ ਸਥਿਤੀ ਵਿੱਚ ਜਿਲ੍ਹਾ ਸਿੱਖਿਆ ਅਫਸਰ(ਸ) ਨਾਲ ਸੰਪਰਕ ਕਰਕੇ ਯੋਗ/ਢੁਕਵਾਂ ਪ੍ਰਬੰਧ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਪਰੀਖਿਆਰਥੀ ਆਪਣੇ ਕਿਸੇ ਵੀ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਦੇਣ ਤੋਂ ਵਾਂਝਾ ਨਾ ਰਹਿ ਜਾਵੇ।
4. ਪ੍ਰਯੋਗੀ ਪਰੀਖਿਆ ਤੋਂ ਪਹਿਲਾਂ ਸਕੂਲ ਵਿੱਚ ਇੰਟਰਨੈਟ, ਕੰਪਿਊਟਰ ਪ੍ਰਿੰਟਰ ਅਤੇ ਜਨਰੇਟਰ ਚੈਕ ਕਰ ਲਏ ਜਾਣ ਤਾਂ ਜੋ ਪ੍ਰਸ਼ਨ ਪੱਤਰ ਡਾਊਨਲੋਡ / ਪ੍ਰਿੰਟ ਕਰਨ ਵਿੱਚ ਮੁਸ਼ਕਿਲ ਪੇਸ਼ ਨਾ ਆਵੇ। ਸਕੂਲ ਪ੍ਰੋਫਾਇਲ ਤੇ ਮੌਜੂਦਾ ਪ੍ਰਿੰਸੀਪਲ/ ਮੁੱਖ ਅਧਿਆਪਕਾ ਦਾ ਫੋਨ ਨੰਬਰ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ।
5. ਪ੍ਰਯੋਗੀ ਪਰੀਖਿਆ ਲਈ ਸਥਾਪਿਤ ਸਕੂਲਾਂ / ਕੇਂਦਰਾਂ ਵਿੱਚ ਪਰੀਖਿਆਰਥੀਆਂ ਦੀ ਗਿਣਤੀ ਨੂੰ ਮਦੇਨਜ਼ਰ ਰੱਖਦੇ ਹੋਏ ਪ੍ਰਵਾਨਿਤ ਦਰਾਂ ਅਨੁਸਾਰ ਸਟੇਸ਼ਨਰੀ ਆਦਿ ਖਰਚੇ ਦੀ ਰਾਸ਼ੀ (ਪਰੀਖਿਆਵਾਂ ਖਤਮ ਹੋਣ ਤੋਂ ਬਾਅਦ) ਸਿਧੇ ਤੌਰ ਤੇ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਦੇ ਬੈਂਕ ਖਾਤੇ ਵਿੱਚ ਜਾਰੀ ਕੀਤੀ ਜਾਵੇਗੀ। ਇਸ ਸਬੰਧੀ ਇੱਕ ਪ੍ਰੋਫਾਰਮਾ ਸਕੂਲ ਲੌਗ ਇਨ ਆਈ ਡੀ ਤੇ ਅਪਲੋਡ ਕੀਤਾ ਜਾਵੇਗਾ। ਪ੍ਰਯੋਗੀ ਪਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਪ੍ਰੋਫਾਰਮੇ ਅਨੁਸਾਰ ਵੇਰਵੇ ਦਰਜ ਕਰਕੇ ਸੂਚਨਾ ਦਫਤਰ ਨੂੰ ਭੇਜਣਾ ਯਕੀਨੀ ਬਣਾਈ ਜਾਵੇ।
6. ਪ੍ਰਯੋਗੀ ਪਰੀਖਿਆ ਲਈ ਜਾਰੀ ਰਾਸ਼ੀ ਦਾ ਵਰਤੋ ਸਰਟੀਫਿਕੇਟ ਸਬੰਧਤ ਜਿਲ੍ਹੇ ਦੇ ਖੇਤਰੀ ਦਫਤਰ ਵਿੱਚ ਜਮ੍ਹਾ ਕਰਵਾਇਆ ਜਾਵੇਗਾ।
7. ਦਫਤਰ ਵੱਲੋਂ ਕਿਸੇ ਵੀ ਪ੍ਰੀਖਿਅਕ ਨੂੰ ਕੋਈ ਅਦਾਇਗੀ/ਮਿਹਨਤਾਨਾ ਨਹੀਂ ਦਿੱਤਾ ਜਾਵੇਗਾ।
8. ਪ੍ਰਯੋਗੀ ਵਿਸ਼ਿਆਂ ਦੀਆਂ ਉੱਤਰ-ਪੱਤਰੀਆਂ ਸਕੂਲ ਮੁੱਖੀ ਆਪਣੀ ਕਸਟੱਡੀ ਵਿੱਚ ਰਿਕਾਰਡ ਹਿੱਤ ਰੱਖਣਗੇ ਤਾਂ ਜੋ ਪਰੀਖਿਆਰਥੀਆਂ ਨੂੰ ਦਿੱਤੇ ਗਏ ਅੰਕਾਂ ਦੀ ਲੋੜ ਪੈਣ ਤੇ ਕਿਸੇ ਸਮੇਂ ਪੜਤਾਲ ਕੀਤੀ ਜਾ ਸਕਦੀ ਹੈ।
9. ਆਪ ਜੀ ਵੱਲੋਂ ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਪਰੀਖਿਆ ਖਤਮ ਹੋਣ ਉਪਰੰਤ ਪਹਿਲਾਂ ਲੜਕੀਆਂ ਅਤੇ ਬਾਅਦ ਵਿੱਚ ਲੜਕਿਆਂ ਨੂੰ ਸਕੂਲ ਵਿੱਚੋਂ ਆਪਣੀ ਨਿਗਰਾਨੀ ਹੇਠ ਭੇਜਿਆ ਜਾਵੇ।
10. ਪਰੀਖਿਆਰਥੀਆਂ ਦੇ ਹਸਤਾਖਰ ਚਾਰਟ ਮਿਤੀ 21-04-2025 ਤੱਕ ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਵਿਖੇ ਜਮ੍ਹਾ ਕਰਵਾਏ ਜਾਣ।
11. ਪਰੀਖਿਆ ਸਬੰਧੀ ਸਬੰਧਤ ਜਿਲ੍ਹਾ ਡੀਲਿੰਗ ਸੀਨੀ. ਸਹਾਇਕ ਵੱਲੋਂ ਬਣਾਏ Whatapps Group ਤੇ ਲੋੜ ਅਨੁਸਾਰ ਵਧੇਰੇ ਸੂਚਨਾ ਸਾਂਝੀ ਕੀਤੀ ਜਾਵੇਗੀ।
12. ਸਮੂਹ ਪਰੀਖਿਅਕ ਅਮਲੇ ਨੂੰ ਹਦਾਇਤ ਕੀਤੀ ਜਾਵੇ ਕਿ ਪਰੀਖਿਆ ਸਮੇਂ ਪਰੀਖਿਆ ਕੇਂਦਰ ਅੰਦਰ ਸਨੈਕਸ ਵਗੈਰਾ ਬਿਲਕੁੱਲ ਨਾ ਲਏ ਜਾਣ ਕਿਉਂਕਿ ਇਸ ਨਾਲ ਪਰੀਖਿਆਰਥੀਆਂ ਦੀ ਇਕਾਗਰਤਾ ਭੰਗ ਹੁੰਦੀ ਹੈ। ਕੇਵਲ ਚਾਹ ਦਾ ਕੱਪ ਲਿਆ ਜਾ ਸਕਦਾ ਹੈ।

ਜ਼ਰੂਰਤ ਪੈਣ ਤੇ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-

1. ਉਪ ਸਕੱਤਰ / ਸਹਾਇਕ ਸਕੱਤਰ (ਕ ਸ) 0172-5227334
2. ਸੁਪਰਡੰਟ (ਕਸ) 0172-5227303,338,339,340
3. ਸਮਗਰ ਸਿੱਖਿਆ (Helpline No) 8307555556

ਪ੍ਰਯੋਗੀ ਪਰੀਖਿਆ ਸਬੰਧੀ ਹਸਤਾਖਰ ਚਾਰਟ ਆਈ.ਡੀ. ਤੇ ਅਪ-ਲੋਡ ਨਾ ਹੋਣ ਕਾਰਨ/ ਰੋਲ ਨੰਬਰ ਜਾਂ ਅੰਕ ਅਪਲੋਡ ਕਰਨ ਵਿੱਚ ਕੋਈ ਮੁਸ਼ਕਿਲ ਆਉਣ ਅਤੇ ਹੋਰ ਕਿਸੇ ਕਿਸਮ ਦੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-

4. ਸਹਾਇਕ ਸਕੱਤਰ (ਬਾਰ੍ਹਵੀਂ) 0172-5227305, 319
   ਈ-ਮੇਲ ਆਈ.ਡੀ srsecconduct.pseb@punjab.gov.in
5. ਸਹਾਇਕ ਸਕੱਤਰ (ਦਸਵੀਂ) 0172-5227284, 290

ਸਹਾਇਕ-ਸਕੱਤਰ (ਕਾਰਜ ਸੰਚਾਲਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ